# ਨਸਲੀ ਬਰਾਬਰੀ ਨੂੰ ਉਤਸ਼ਾਹਤ ਕਰਨ ਤੇ ਮੌਜੂਦਾ ਅਤੇ ਯੋਜਨਾਬੱਧ ਪੈਮਾਨੇ

## ਮੱਛੀ ਮਾਰਕੀਟਿੰਗ ਸੰਗਠਨ (FMO)

ਫਿਸ਼ ਮਾਰਕੀਟਿੰਗ ਆਰਗੇਨਾਈਜ਼ੇਸ਼ਨ (FMO) ਇਕ ਸਵੈ-ਵਿੱਤ, ਗੈਰ-ਮੁਨਾਫਾ ਕਮਾਉਣ ਵਾਲੀ ਸੰਸਥਾ ਹੈ ਜੋ ਸਮੁੰਦਰੀ ਮੱਛੀ (ਮਾਰਕੀਟਿੰਗ) ਆਰਡੀਨੈਂਸ, ਕੈਪ 291 ਦੇ ਅਧੀਨ ਸਥਾਪਤ ਕੀਤੀ ਗਈ ਹੈ। ਐਫ ਐਮ ਓ (FMO) ਸਥਾਨਕ ਮੱਛੀ ਫੜਨ ਦੇ ਉਦਯੋਗ ਅਤੇ ਮੱਛੀ ਪਾਲਣ ਦੇ ਵਪਾਰ ਦੇ ਖੇਤਰ ਦੀ, ਨਸਲੀ ਪਿਛੋਕੜਤਾਂ ਨੂੰ ਧਿਆਨ ਦਿੰਦੇ ਬਿਨਾਂ, ਪੇਸ਼ੇਵਰਤਾ ਅਤੇ ਨਿਰਪੱਖਤਾ ਨਾਲ ਸੇਵਾ ਕਰਦਾ ਹੈ। ਸਮੁੰਦਰੀ ਮੱਛੀ ਦੇ ਵਿਵਸਥਿਤ ਅਤੇ ਕੁਸ਼ਲ ਵਪਾਰ ਨੂੰ ਸੁਰੱਖਿਅਤ ਰੱਖਣ ਅਤੇ ਲੋਕਾਂ ਨੂੰ ਸਮੁੰਦਰੀ ਮੱਛੀ ਦੀ ਭਰੋਸੇਯੋਗ ਅਤੇ ਸਥਿਰ ਸਪਲਾਈ ਨੂੰ ਬਣਾਈ ਰੱਖਣ ਅਤੇ ਸਥਾਨਕ ਵਿਕਾਸ ਦੇ ਸਮਰਥਨ ਵਿੱਚ ਮਦਦ ਕਰਦੀ ਹੈ।

ਸਬੰਧਤ ਸੇਵਾਵਾਂ

- ਭਿੰਨ-ਭਿੰਨ ਨਸਲ ਦੇ ਲੋਕਾਂ ਲਈ ਸੇਵਾਵਾਂ ਦੀ ਵਿਵਸਥਾ:
  - ਸੁਰੱਖਿਅਤ ਅਤੇ ਗੁਣਵੱਤਾ ਵਾਲੀ ਸਮੁੰਦਰੀ ਮੱਛੀ ਦੀ ਭਰੋਸੇਯੋਗ ਅਤੇ ਸਥਿਰ ਸਪਲਾਈ ਪ੍ਰਦਾਨ ਕਰਨਾ;
  - ਮਾਰਕੀਟ ਦੇ ਹਿੱਸੇਦਾਰਾਂ ਲਈ ਇੱਕ ਉਚਿਤ ਅਤੇ ਚੰਗੀ ਤਰ੍ਹਾਂ ਸਥਾਪਿਤ ਵਪਾਰਕ ਵਾਤਾਵਰਣ ਪ੍ਰਦਾਨ ਕਰਨਾ;
  - ਸਥਾਨਕ ਮੱਛੀ ਪਾਲਣ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਬਜ਼ਾਰ ਵਿਚੋਂ ਵਾਦੂ ਸਪਲਾਈ ਨੂੰ ਖਿਚਣਾ।

ਮੌਜੂਦਾ ਪੈਮਾਨੇ

- ਨਸਲੀ ਬਰਾਬਰੀ ਨੂੰ ਉਤਸ਼ਾਹਤ ਕਰਨ ਲਈ ਮੌਜੂਦਾ ਪੈਮਾਨੇ, ਜਿਸ ਵਿੱਚ ਸ਼ਾਮਲ ਹਨ - ਚੀਨੀ ਅਤੇ ਅੰਗਰੇਜ਼ੀ ਵਿਚਕਾਰ ਅਨੁਵਾਦ ਦੀ ਵਿਵਸਥਾ ਅਤੇ ਸਰਵਿਸ ਉਪਭੋਗਤਾਵਾਂ ਲਈ ਚੀਨੀ, ਅੰਗਰੇਜ਼ੀ ਅਤੇ ਮੈਂਡਰਿਨ ਵਿੱਚ ਵਿਆਖਿਆ ਸੇਵਾਵਾਂ।

- ਰਜਿਸਟਰਡ ਖਰੀਦਦਾਰਾਂ ਲਈ ਅਰਜ਼ੀ ਫਾਰਮ ਅਤੇ FMO ਦੀ ਵੈਬਸਾਈਟ ਚੀਨੀ (ਰਵਾਇਤੀ ਅਤੇ ਸਰਲੀਕ੍ਰਿਤ) ਅਤੇ ਅੰਗਰੇਜ਼ੀ ਵਿੱਚ ਉਪਲੱਬਧ ਹਨ।

- ਭਿੰਨ-ਭਿੰਨ ਨਸਲ ਦੇ ਲੋਕਾਂ ਨਾਲ ਸੰਚਾਰ ਵਧਾਉਣ ਲਈ, ਮਾਰਕੀਟ ਸਟਾਫ਼ ਉਚਿਤ ਤੌਰ ਤੇ ਹਾਂਗ ਕਾਂਗ ਕ੍ਰਿਸ਼ਚੀਅਨ ਸਰਵਿਸ ਦੁਆਰਾ ਪ੍ਰਦਾਨ ਕੀਤੀ ਗਈ ਟੈਲੀਫੋਨ ਅਨੁਵਾਦ ਸੇਵਾ ਦੀ ਵਰਤੋਂ ਕਰੇਗਾ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਵੱਖ-ਵੱਖ ਭਾਸ਼ਾਵਾਂ ਵਿਚ ਨਸਲੀ ਬਰਾਬਰੀ ਨੂੰ ਉਤਸ਼ਾਹਤ ਕਰਨ ਦੇ ਉਪਾਵਾਂ ਦੀ ਜਾਂਚ ਸੂਚੀ ਨੂੰ ਹਰੇਕ FMO ਮਾਰਕੀਟ ਦੇ ਦਫ਼ਤਰ ਵਿੱਚ ਉਪਲਬਧ ਕੀਤਾ ਜਾਵੇਗਾ ਅਤੇ ਪ੍ਰਮੁੱਖਤਾ ਨਾਲ ਪ੍ਰਦਰਸ਼ਤ ਕੀਤਾ ਜਾਵੇਗਾ।
- FMO ਥੋਕ ਮੱਛੀ ਬਾਜ਼ਾਰਾਂ ਵਿਚ ਵੰਨ-ਸੁਵੰਨੀਆਂ ਜਾਤੀਆਂ ਦੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਾ ਰਹੇਗਾ ਅਤੇ ਜਦੋਂ ਜ਼ਰੂਰੀ ਹੋਏ ਲੋੜ ਪੈਣ ਤੇ ਉਪਾਅ ਕਰਦਾ ਰਹੇਗਾ ਕਿ ਨਸਲੀ ਪਿਛੋਕੜਤਾ ਦੀ ਪਰਵਾਹ ਕੀਤੇ ਬਿਨਾਂ, ਜਨਤਾ ਦੇ ਸਾਰੇ ਮੈਂਬਰਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ।
- FMO ਦੀਆਂ ਨੌਕਰੀਆਂ ਲਈ ਸਾਰੇ ਬਿਨੈਕਾਰਾਂ ਨੂੰ ਬਰਾਬਰ ਰੁਜ਼ਗਾਰ ਦਾ ਮੌਕਾ ਪ੍ਰਦਾਨ ਕਰਨਾ।
- FMO ਆਪਣੇ ਮਾਰਕੀਟ ਸਟਾਫ਼ ਨੂੰ ਜਾਤੀਗਤ ਸੰਵੇਦਨਸ਼ੀਲਤਾ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਉਨ੍ਹਾਂ ਨੂੰ ਨਸਲੀ ਵਿਤਕਰਾ ਆਰਡੀਨੈਂਸ ਦੀ ਸਮਝ ਲਈ ਸਿਖਲਾਈ ਦਾ ਪ੍ਰਬੰਧ ਕਰੇਗੀ।

ਕੀਤੇ ਗਏ ਵਾਧੂ ਪੈਮਾਨੇ/ਕੀਤੇ ਜਾਣ ਵਾਲੇ

- ਪੈਮਾਨੇ ਸਖ਼ਤੀ ਨਾਲ ਲਾਗੂ ਕੀਤੇ ਗਏ ਹਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ FMO ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਨਸਲ ਨਿਰਪੱਖ ਹਨ।
- ਨਿਰੰਤਰ ਸੁਧਾਰ ਲਈ ਪੈਮਾਨਿਆਂ ਦੀ ਨਿਯਮਤ ਤੌਰ ਤੇ ਸਮੀਖਿਆ ਕੀਤੀ ਜਾਂਦੀ ਹੈ।

- FMO ਮੈਨੇਜਮੈਂਟ ਦੁਆਰਾ ਉਹਨਾਂ ਨੂੰ ਦਿੱਤੀਆਂ ਜਾਂਦੀਆਂ ਮਾਰਕੀਟ ਸੇਵਾਵਾਂ ਨੂੰ ਹੋਰ ਵਧਾਉਣ ਲਈ ਭਿੰਨ-ਭਿੰਨ ਨਸਲੀ ਅਤੇ ਸਭਿਆਚਾਰਕ ਸਮੂਹਾਂ/ਮਾਰਕੀਟ ਉਪਭੋਗਤਾਵਾਂ ਦੀਆਂ ਪ੍ਰਤੀਕਿਰਿਆ ਨੂੰ ਨਿਯਮਿਤ ਤੌਰ ਤੇ ਰਿਕਾਰਡ ਕੀਤਾ ਜਾਏਗਾ ਅਤੇ ਸਮੀਖਿਆ ਕੀਤੀ ਜਾਏਗੀ।

ਨਸਲੀ ਬਰਾਬਰੀ ਨੂੰ ਉਤਸ਼ਾਹਤ ਕਰਨ ਤੇ ਮੌਜੂਦਾ ਅਤੇ ਯੋਜਨਾਬੱਧ ਪੈਮਾਨਿਆਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਸ੍ਰੀ Yeun Chi-kiu ਨਾਲ ਸੰਪਰਕ ਕਰੋ:


| | | |
|---|---|---|
| ਟੈਲੀਫੋਨ ਨੰ. | : | 2807 0112 |
| ਫੈਕ੍ਸ ਨੰ. | : | 2552 3058 |
| ਈ-ਮੇਲ | : | cco_afm@fmo.org.hk |
| ਪਤਾ | : | Aberdeen Wholesale Fish Market<br>102 Shek Pai Wan Road, Aberdeen, Hong Kong |


**ਮੱਛੀ ਮਾਰਕੀਟਿੰਗ ਸੰਗਠਨ**

**ਮਈ 2020**